## ਵੈਕਸੀਨ ਕਿਵੇਂ ਕੰਮ ਕਰਦੀ ਹੈ

COVID-19 ਵੈਕਸੀਨ ਤੁਹਾਡੇ ਸਰੀਰ ਨੂੰ ਵਾਇਰਸ ਨਾਲ ਲੜਨ ਦੀ ਸਿਖਲਾਈ ਦੇ ਕੇ ਕੰਮ ਕਰਦੀ ਹੈ, ਅਤੇ ਤੁਹਾਨੂੰ ਬਿਮਾਰ ਹੋਣ ਤੋਂ ਬਚਾਉਂਦੀ ਹੈ। **ਵੈਕਸੀਨ ਤੋਂ ਤੁਹਾਨੂੰ COVID-19 ਨਹੀਂ ਹੋ ਸਕਦਾ ਹੈ.**

ਤੁਹਾਨੂੰ ਵੈਕਸੀਨ ਦੀਆਂ ਦੋ ਖੁਰਾਕਾਂ ਦੀ ਜ਼ਰੂਰਤ ਹੋਵੇਗੀ, ਘੱਟੋ ਘੱਟ 21 ਦਿਨਾਂ ਤੋਂ ਬਾਅਦ। ਇਹ ਸੁਨਿਸ਼ਚਿਤ ਕਰਨ ਲਈ ਕਿ ਤੁਹਾਡੀ ਕੋਲ ਸਭ ਤੋਂ ਵਧੀਆ ਸੁਰੱਖਿਆ ਹੈ, ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਦੋਵੇਂ ਖੁਰਾਕਾਂ ਪ੍ਰਾਪਤ ਕਰੋ।

## ਕੀ ਇਹ ਵੈਕਸੀਨ ਸੁਰੱਖਿਅਤ ਹੈ?

Pfizer (ਫਾਇਜ਼ਰ) ਦੀ ਵੈਕਸੀਨ ਦਾ ਸਾਡੇ ਆਪਣੇ ਮੈਡਸੇਫ ਮਾਹਰਾਂ ਦੁਆਰਾ ਸੁਰੱਖਿਆ ਦੇ ਨਜ਼ਰੀਏ ਤੋਂ ਸੰਪੂਰਨ ਮੁਲਾਂਕਨ ਕੀਤਾ ਗਿਆ ਹੈ।

ਮੈਡਸੇਫ ਐਓਟੇਰੋਆ ਵਿੱਚ ਸਿਰਫ਼ ਉਦੋਂ ਵੈਕਸੀਨ ਦੀ ਵਰਤੋਂ ਕਰਨ ਦੀ ਇਜ਼ਾਜ਼ਤ ਦਿੰਦਾ ਹੈ ਜਦੋਂ ਉਹ ਸੰਤੁਸ਼ਟ ਹੋ ਜਾਂਦਾ ਹੈ ਕਿ ਇਹ ਸੁਰੱਖਿਆ, ਪ੍ਰਭਾਵਸ਼ੀਲਤਾ ਅਤੇ ਗੁਣਵੱਤਾ ਦੇ ਕੜੇ ਮਾਨਕਾਂ ਨੂੰ ਪੂਰਾ ਕਰਦੀ ਹੈ।

ਇਹੋ ਪ੍ਰਕਿਰਿਆ ਹੋਰ ਦਵਾਈਆਂ, ਜਿਵੇਂ ਕਿ ਫਲੂ ਦੀ ਵੈਕਸੀਨ ਦਾ ਮੁਲਾਂਕਨ ਕਰਨ ਦੇ ਲਈ ਵਰਤੀ ਜਾਂਦੀ ਹੈ।

ਮਨਜ਼ੂਰੀ ਦੇ ਲਈ ਕੋਈ ਛੋਟਾ ਰਸਤਾ ਨਹੀਂ ਅਪਣਾਇਆ ਗਿਆ ਹੈ।

Pfizer (ਫਾਇਜ਼ਰ) ਵੈਕਸੀਨ ਦੁਨੀਆ ਭਰ ਦੇ ਲੱਖਾਂ ਲੋਕਾਂ ਦੁਆਰਾ ਸਫਲਤਾਪੂਰਵਕ ਵਰਤੋਂ ਕੀਤੀ ਗਈ ਹੈ।

ਸੁਰੱਖਿਆ ਲਈ ਇਸਦੀ ਨਿਗਰਾਨੀ ਕੀਤੀ ਜਾ ਰਹੀ ਹੈ।

## ਮੈਨੂੰ ਸਿਹਤ ਬਾਰੇ ਕਿਹੜੀ ਜਾਣਕਾਰੀ ਸਾਂਝੀ ਕਰਨ ਦੀ ਜ਼ਰੂਰਤ ਹੈ?

**ਜੇ ਤੁਹਾਨੂੰ ਪਿਛਲੇ ਸਮੇਂ ਕਿਸੇ ਵੈਕਸੀਨ ਜਾਂ ਟੀਕੇ ਪ੍ਰਤੀ ਅਲਰਜੀ ਪ੍ਰਤੀਕਿਰਿਆ ਹੋਈ ਹੈ, ਤਾਂ ਕਿਰਪਾ ਕਰਕੇ ਆਪਣੇ ਵੈਕਸੀਨ ਲਗਾਉਣ ਵਾਲੇ ਨੂੰ ਦੱਸੋ।**

**ਜੇਕਰ ਤੁਸੀਂ ਕੋਈ ਦਵਾਈਆਂ ਲੈ ਰਹੇ ਹੋ ਜਾਂ ਤੁਹਾਨੂੰ ਮਾਹਵਾਰੀ ਵਿੱਚ ਅਨਿਯਮਿਤਤਾ ਹੈ, ਤਾਂ ਆਪਣੇ ਸਿਹਤ ਪ੍ਰਦਾਤਾ ਨਾਲ ਪਹਿਲਾਂ ਗੱਲ ਕਰੋ।**

## ਸਹੀ ਜਾਣਕਾਰੀ ਪ੍ਰਾਪਤ ਕਰਨਾ ਮਾਇਨੇ ਰੱਖਦਾ ਹੈ

ਸੋਸ਼ਲ ਮੀਡੀਆ ਅਤੇ ਹੋਰ ਥਾਵਾਂ ਤੇ ਗਲਤ ਜਾਂ ਦੂਜੇ ਪੱਧਰ ਦੀ ਜਾਣਕਾਰੀ ਬਾਰੇ ਸਾਵਧਾਨ ਰਹੋ।

ਤੁਸੀਂ ਸਹੀ ਅਤੇ ਭਰੋਸੇਮੰਦ ਜਾਣਕਾਰੀ ਇੱਥੇ ਪ੍ਰਾਪਤ ਕਰ ਸਕਦੇ ਹੋ:

- Covid19.govt.nz/get-the-facts
- Health.govt.nz/covid-vaccine
- ਜਾਂ ਆਪਣੇ ਡਾਕਟਰ ਨਾਲ ਗੱਲ ਕਰੋ।

## ਪਤਾ ਕਰੋ ਕਿ ਤੁਹਾਨੂੰ ਵੈਕਸੀਨ ਕਦੋਂ ਲਗ ਸਕਦੀ ਹੈ:

- Covid19.govt.nz/my-vaccine

HP7852 | July 2021 - Punjabi

New Zealand Government

Unite against COVID-19



# ਤੁਹਾਡੀ COVID-19 ਵੈਕਸੀਨੇਸ਼ਨ

## ਹਰ ਚੀਜ਼ ਜਿਸ ਬਾਰੇ ਤੁਹਾਨੂੰ ਜਾਣਨ ਦੀ ਜ਼ਰੂਰਤ ਹੈ

New Zealand Government

Unite against COVID-19



ਜਦੋਂ ਤੁਸੀਂ ਵੈਕਸੀਨ ਲਗਵਾਉਂਦੇ ਹੋ ਤਾਂ ਤੁਸੀਂ ਸਿਰਫ਼ ਆਪਣੀ ਹੀ ਰੱਖਿਆ ਨਹੀਂ ਕਰਦੇ। ਆਪਣੇ ਵਹਾਨਉ, ਦੋਸਤਾਂ ਅਤੇ ਭਾਈਚਾਰੇ ਵੱਲ ਜਾਣ ਵਾਲੇ COVID-19 ਦੇ ਜੋਖਮ ਨੂੰ ਘਟਾ ਕੇ ਤੁਸੀਂ ਵੀ ਆਪਣੇ ਹਿੱਸੇ ਦਾ ਕੰਮ ਕਰ ਰਹੇ ਹੋ।

COVID-19 ਵੈਕਸੀਨ ਮੁਫ਼ਤ ਹੈ, ਅਤੇ ਆਓਟੀਅਰੋਆ ਵਿਚ 16 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਰੇਕ ਵਿਅਕਤੀ ਲਈ ਉਪਲਬਧ ਹੈ।

## ਆਪਣਾ ਵੈਕਸੀਨੇਸ਼ਨ ਕਰਵਾਉਣਾ:

ਸਿਹਤ ਸੰਭਾਲ ਕਰਮਚਾਰੀ ਤੁਹਾਡੇ ਨਾਲ ਸਿਹਤ ਜਾਂਚ ਕਰੇਗਾ ਅਤੇ ਤੁਹਾਡੇ ਸਵਾਲਾਂ ਦੇ ਜਵਾਬ ਦੇਵੇਗਾ।

ਤੁਹਾਨੂੰ ਟੀਕਾਕਰਨ ਕਰਵਾਏ ਜਾਣ ਲਈ ਸਹਿਮਤ ਹੋਣ ਦੀ ਲੋੜ ਹੋਵੇਗੀ। ਯਾਦ ਰੱਖੋ ਕਿ ਤੁਸੀਂ ਕਿਸੇ ਵੀ ਸਮੇਂ ਸਵਾਲ ਪੁੱਛ ਸਕਦੇ ਹੋ।

ਤਦ ਇੱਕ ਪੂਰੀ ਤਰ੍ਹਾਂ ਸਿੱਖਿਅਤ ਸਿਹਤ ਸੰਭਾਲ ਕਰਮਚਾਰੀ ਤੁਹਾਡੀ ਬਾਂਹ ਦੇ ਉੱਪਰਲੇ ਹਿੱਸੇ ਵਿੱਚ ਵੈਕਸੀਨ ਲਗਾਏਗਾ।

ਤੁਹਾਨੂੰ ਘੱਟੋ ਘੱਟ 20 ਮਿੰਟ ਰੁਕਣ ਦੀ ਜ਼ਰੂਰਤ ਹੈ ਤਾਂ ਜੋ ਸਿਹਤ ਸੰਭਾਲ ਕਰਮਚਾਰੀ ਤੁਹਾਨੂੰ ਦੇਖ ਸਕੇ ਅਤੇ ਇਹ ਯਕੀਨੀ ਬਣਾ ਸਕੇ ਕਿ ਤੁਸੀਂ ਠੀਕ ਹੋ।

ਜਦੋਂ ਇੱਕ ਵਾਰ ਸਿਹਤ ਸੰਭਾਲ ਕਰਮਚਾਰੀ ਨੂੰ ਯਕੀਨ ਹੋ ਜਾਂਦਾ ਹੈ ਕਿ ਤੁਸੀਂ ਠੀਕ ਹੋ ਅਤੇ ਤੁਸੀਂ ਠੀਕ ਮਹਿਸੂਸ ਕਰ ਰਹੇ ਹੋ, ਤਾਂ ਤੁਸੀਂ ਜਾ ਸਕਦੇ ਹੋ ਅਤੇ ਆਪਣੇ ਦਿਨ ਦੇ ਕੰਮ ਕਰ ਸਕਦੇ ਹੋ।

### ਸੰਭਾਵੀ ਮਾੜੇ ਪ੍ਰਭਾਵ

ਕੁਝ ਹਲਕੇ ਮਾੜੇ ਪ੍ਰਭਾਵ, ਜਿਵੇਂ ਕਿ ਮਾਸਪੇਸ਼ੀ ਵਿੱਚ ਦਰਦ, ਟੀਕੇ ਵਾਲੀ ਥਾਂ 'ਤੇ ਦਰਦ ਜਾਂ ਸਿਰ ਦਰਦ, ਆਮ ਹਨ। ਇਹਨਾਂ ਦੀ ਰਿਪੋਰਟ ਜ਼ਿਆਦਾਤਰ ਦੂਜੀ ਖੁਰਾਕ ਤੋਂ ਬਾਅਦ ਕੀਤੀ ਗਈ ਹੈ। ਇਹ ਅਸਲ ਵਿੱਚ ਇੱਕ ਸੰਕੇਤ ਹਨ ਕਿ ਤੁਹਾਡੇ ਸਰੀਰ ਦੀ ਪ੍ਰਤੀਰੱਖਿਅਕ ਪ੍ਰਣਾਲੀ ਵਾਇਰਸ ਨਾਲ ਲੜਨਾ ਸਿੱਖ ਰਹੀ ਹੈ। ਉਹ ਜ਼ਿਆਦਾ ਸਮੇਂ ਤੱਕ ਨਹੀਂ ਰਹਿਣਗੇ ਅਤੇ ਤੁਹਾਨੂੰ ਦੂਜੀ ਖੁਰਾਕ ਲੈਣ ਜਾਂ ਤੁਹਾਡੇ ਰੋਜ਼ਾਨਾ ਦੀ ਜ਼ਿੰਦਗੀ ਨੂੰ ਨਹੀਂ ਰੋਕਣਗੇ।

## ਵੈਕਸੀਨੇਸ਼ਨ ਤੋਂ ਬਾਅਦ:

3 Weeks

ਤੁਹਾਨੂੰ ਘੱਟੋ ਘੱਟ 21 ਦਿਨਾਂ ਤੋਂ ਬਾਅਦ ਆਪਣੀ ਦੂਜੀ ਖੁਰਾਕ ਲੈਣ ਲਈ ਕਿਹਾ ਜਾਵੇਗਾ।

ਇਹ ਮਹੱਤਵਪੂਰਨ ਹੈ ਕਿਉਂਕਿ ਤੁਹਾਨੂੰ COVID-19 ਦੇ ਵਿਰੁੱਧ ਦੋ ਖੁਰਾਕਾਂ ਤੋਂ ਬਾਅਦ ਸਭ ਤੋਂ ਵਧੀਆ ਸੁਰੱਖਿਆ ਮਿਲੇਗੀ।

ਜੇ ਤੁਸੀਂ ਬਿਮਾਰ ਮਹਿਸੂਸ ਕਰਦੇ ਹੋ ਜਾਂ ਕਿਸੇ ਮਾੜੇ ਪ੍ਰਭਾਵਾਂ ਬਾਰੇ ਚਿੰਤਤ ਹੋ, ਤਾਂ ਆਪਣੇ ਭਰੋਸੇਮੰਦ ਸਿਹਤ ਪੇਸ਼ੇਵਰ ਨਾਲ ਗੱਲ ਕਰੋ।

## ਅਤੇ ਅਜੇ ਵੀ ਜਾਰੀ ਰੱਖੋ:

ਜੇ ਤੁਸੀਂ ਬਿਮਾਰ ਹੋ ਘਰ ਰਹੋ ਅਤੇ ਟੈਸਟ ਕਰਵਾਉਣ ਬਾਰੇ ਹੈਲਥਲਾਈਨ ਨਾਲ ਸੰਪਰਕ ਕਰੋ।

NZ COVID TRACER APP

NZ COVID Tracer app ਐਪ ਦੀ ਵਰਤੋਂ ਕਰੋ ਅਤੇ ਬਲੂਟੁੱਥ ਟਰੇਸਿੰਗ ਨੂੰ 'ਚਾਲੂ' ਕਰੋ।

ਸਾਰੀਆਂ ਜਨਤਕ ਆਵਾਜਾਈ ਅਤੇ ਘਰੇਲੂ ਉਡਾਨਾਂ ਲਈ ਇੱਕ ਫੇਸ ਕਵਰਿੰਗ (ਚਿਹਰਾ ਢਕਣ ਵਾਲੀ ਕੋਈ ਚੀਜ਼) ਪਹਿਨੋ।